**WORK SAFE BC** | ਨਿਊਜ਼ ਰਿਲੀਜ਼

# ਵਰਕਸੇਫ ਬੀ ਸੀ ਕੰਮ `ਤੇ ਡਿਗਣ ਦੇ ਖਤਰਿਆਂ ਤੋਂ ਸਾਵਧਾਨ ਕਰਦੀ ਹੈ

*ਪਿਛਲੇ ਸਾਲ, 4,000 ਨਾਲੋਂ ਜ਼ਿਆਦਾ ਵਰਕਰ ਉਚਾਈਆਂ ਤੋਂ ਡਿਗ ਕੇ ਜ਼ਖਮੀ ਹੋਏ ਸਨ*

**ਰਿਚਮੰਡ, ਬੀ.ਸੀ. (3 ਮਾਰਚ, 2022)** – ਵਰਕਸੇਫ ਬੀ ਸੀ ਕੰਮ-ਮਾਲਕਾਂ ਅਤੇ ਵਰਕਰਾਂ ਨੂੰ ਕੰਮ `ਤੇ ਡਿਗਣ ਨਾਲ ਸੰਬੰਧਿਤ ਖਤਰਿਆਂ ਬਾਰੇ ਯਾਦ ਕਰਵਾਉਂਦੀ ਹੈ।

ਵਰਕਸੇਫ ਬੀ ਸੀ ਖਬਰਦਾਰ ਕਰਦੀ ਹੈ ਕਿ ਕੰਮ ਦੀ ਤਕਰੀਬਨ ਹਰ ਥਾਂ `ਤੇ ਡਿਗਣ ਦਾ ਖਤਰਾ ਹੈ, ਭਾਵੇਂ ਇਹ ਛੱਤ ਤੋਂ, ਛੋਟੀ ਪੌੜੀ ਤੋਂ, ਦਰਮਿਆਨੇ ਆਕਾਰ ਦੇ ਟਰੱਕ ਜਾਂ ਉੱਚੀ ਪੈੜ (ਸਕੈਫੋਲਡ) ਤੋਂ ਹੋਵੇ। ਡਿਗਣਾ ਆਮ ਤੌਰ `ਤੇ ਕਈ ਖਤਰਿਆਂ ਦੇ ਮੇਲ ਦਾ ਨਤੀਜਾ ਹੁੰਦਾ ਹੈ ਜਿਨ੍ਹਾਂ ਵਿਚ, ਡਿਗਣ ਤੋਂ ਹਿਫਾਜ਼ਤ ਤੋਂ ਬਿਨਾਂ ਉਚਾਈਆਂ `ਤੇ ਕੰਮ ਕਰਨਾ; ਕੰਮ ਦੇ ਸੁਰੱਖਿਅਤ ਤਰੀਕਿਆਂ ਦੀ ਪਾਲਣਾ ਨਾ ਕਰਨਾ; ਤਿਲਕਵੀਂਆਂ ਥਾਂਵਾਂ; ਅਤੇ ਬਹੁਤ ਜ਼ਿਆਦਾ ਥੱਕੇ ਹੋਣਾ ਸ਼ਾਮਲ ਹਨ।

ਸਾਲ 2021 ਵਿਚ, ਵਰਕਸੇਫ ਬੀ ਸੀ ਨੇ ਉਚਾਈਆਂ ਤੋਂ ਡਿਗਣ ਨਾਲ ਲੱਗੀਆਂ ਸੱਟਾਂ ਨਾਲ ਸੰਬੰਧਿਤ 4,050 ਕਲੇਮ ਪ੍ਰਵਾਨ ਕੀਤੇ। ਡਿਗਣ ਦੇ ਇਨ੍ਹਾਂ ਕਿਸਮਾਂ ਦੇ ਕੇਸ ਜ਼ਿਆਦਾ ਤੌਰ `ਤੇ ਕਨਸਟਰੱਕਸ਼ਨ, ਮੈਨੂਫੈਕਚਰਿੰਗ, ਅਤੇ ਜੰਗਲਾਤ ਦੀਆਂ ਇੰਡਸਟਰੀਆਂ ਵਿਚ ਹੋਣ ਦੀ ਸੰਭਾਵਨਾ ਹੁੰਦੀ ਹੈ। ਉਦਾਹਰਣ ਲਈ, ਪਿਛਲੇ ਸਾਲ, ਕਨਸਟਰੱਕਸ਼ਨ ਦੇ ਸੈਕਟਰ ਵਿਚ ਡਿਗਣ ਨਾਲ 497 ਗੰਭੀਰ ਸੱਟਾਂ ਲੱਗੀਆਂ ਅਤੇ ਛੇ ਮੌਤਾਂ ਹੋਈਆਂ।

ਵਰਕਸੇਫ ਬੀ ਸੀ ਵਿਖੇ ਪ੍ਰੀਵੈਨਸ਼ਨ ਫੀਲਡ ਸਰਵਿਸਿਜ਼ ਦੀ ਸੀਨੀਅਰ ਮੈਨੇਜਰ ਸੁਜ਼ਾਨਾ ਪ੍ਰਿਕ ਦਾ ਕਹਿਣਾ ਹੈ, “ਉਚਾਈਆਂ ਤੋਂ ਡਿਗਣ ਨਾਲ ਗੰਭੀਰ, ਜ਼ਿੰਦਗੀ ਨੂੰ ਬਦਲ ਦੇਣ ਵਾਲੀਆਂ ਸੱਟਾਂ ਲੱਗ ਸਕਦੀਆਂ ਹਨ, ਅਤੇ ਇੱਥੋਂ ਤੱਕ ਕਿ ਮੌਤ ਵੀ ਹੋ ਸਕਦੀ ਹੈ। ਡਿਗਣ ਦੀਆਂ ਇਨ੍ਹਾਂ ਵਿੱਚੋਂ ਬਹੁਤ ਸਾਰੀਆਂ ਘਟਨਾਵਾਂ ਨੂੰ ਡਿਗਣ ਤੋਂ ਰੋਕਥਾਮ ਦੀ ਪਲੈਨਿੰਗ ਨਾਲ ਅਤੇ ਡਿਗਣ ਤੋਂ ਰੋਕਥਾਮ ਦੇ ਸਾਜ਼-ਸਾਮਾਨ ਦੀ ਸਹੀ ਅਤੇ ਲਗਾਤਾਰ ਵਰਤੋਂ ਨਾਲ ਰੋਕਿਆ ਜਾ ਸਕਦਾ ਹੈ।”
ਬਹਾਰ ਰੁੱਤ ਆ ਰਹੀ ਹੈ, ਅਤੇ ਬਾਹਰ ਕਨਸਟਰੱਕਸ਼ਨ ਦਾ ਕੰਮ ਵਧ ਰਿਹਾ ਹੈ, ਵਰਕਸੇਫ ਬੀ ਸੀ ਕੰਮ-ਮਾਲਕਾਂ ਨੂੰ ਇਹ ਯਾਦ ਕਰਵਾ ਰਹੀ ਹੈ ਕਿ ਆਕੂਪੇਸ਼ਨਲ ਹੈਲਥ ਐਂਡ ਸੇਫਟੀ ਰੈਗੂਲੇਸ਼ਨ ਇਹ ਮੰਗ ਕਰਦਾ ਹੈ ਕਿ ਜਦੋਂ 3 ਮੀਟਰ ਜਾਂ ਜ਼ਿਆਦਾ ਉਚਾਈ ਤੋਂ ਡਿਗਣ ਦਾ ਖਤਰਾ ਹੋਵੇ, ਜਾਂ ਜਿੱਥੇ ਇਸ ਨਾਲੋਂ ਘੱਟ ਉਚਾਈ ਤੋਂ ਡਿਗਣ ਦਾ ਨਤੀਜਾ ਸੱਟ ਲੱਗਣ ਵਿਚ ਨਿਕਲ ਸਕਦਾ ਹੋਵੇ ਤਾਂ ਵਰਕਰਾਂ ਲਈ ਡਿਗਣ ਤੋਂ ਰੋਕਥਾਮ ਦੇ ਸਿਸਟਮ ਵਰਤਣਾ ਜ਼ਰੂਰੀ ਹੈ।

**ਤਿਲਕਣਾ, ਠੇਡਾ ਲੱਗਣਾ, ਅਤੇ ਡਿਗਣਾ: ਮਨੁੱਖੀ ਅਤੇ ਕਾਰੋਬਾਰੀ ਨੁਕਸਾਨ**
ਬੀ.ਸੀ. ਵਿਚ ਕੰਮਾਂ ਦੀਆਂ ਥਾਂਵਾਂ `ਤੇ ਸੱਟਾਂ ਦੇ ਸਾਰੇ ਕਲੇਮਾਂ ਵਿੱਚੋਂ 20 ਪ੍ਰਤੀਸ਼ਤ ਤਿਲਕਣ, ਠੇਡਾ ਲੱਗਣ, ਅਤੇ ਡਿਗਣ ਨਾਲ ਸੰਬੰਧਿਤ ਹੁੰਦੇ ਹਨ।

ਡਿਗਣ ਨਾਲ ਲੱਗਣ ਵਾਲੀਆਂ ਸੱਟਾਂ ਵਿਚ ਮਚਕੋੜ ਆਉਣਾ, ਨੀਲ ਪੈਣਾ, ਸਿਰ ਵਿਚ ਸੱਟ ਲੱਗਣਾ, ਅੰਗ ਟੁੱਟਣਾ, ਅਤੇ ਲਹੂ ਹੋਣਾ ਅਤੇ ਕੱਟ ਲੱਗਣਾ ਸ਼ਾਮਲ ਹੋ ਸਕਦੀਆਂ ਹਨ। ਇਸ ਤੋਂ ਇਲਾਵਾ, ਸਾਰੇ ਸੈਕਟਰਾਂ ਵਿਚ, ਤਿਲਕਣਾ, ਠੇਡਾ ਲੱਗਣਾ ਅਤੇ ਡਿਗਣਾ ਕੰਮ `ਤੇ ਹੋਣ ਵਾਲੀਆਂ ਸਭ ਤੋਂ ਮਹਿੰਗੀਆਂ ਘਟਨਾਵਾਂ ਹਨ – ਅਤੇ ਆਮ ਪ੍ਰੋਡੱਕਟੀਵਿਟੀ ਦੇ ਨੁਕਸਾਨ ਦੇ ਸਭ ਤੋਂ ਵੱਡੇ ਕਾਰਨ ਹਨ। ਨਤੀਜਾ ਦਰਦ ਅਤੇ ਤਕਲੀਫ, ਡਿਸਏਬਿਲਟੀ, ਸਟਰੈੱਸ, ਅਤੇ ਰੁਜ਼ਗਾਰ ਦੇ ਨੁਕਸਾਨ ਜਾਂ ਤਬਦੀਲੀ ਵਿਚ ਨਿਕਲ ਸਕਦਾ ਹੈ।

ਇਹੋ ਸੱਟਾਂ ਬੀ.ਸੀ. ਦੇ ਬਿਜ਼ਨਸਾਂ ਲਈ 260,000 ਨਾਲੋਂ ਜ਼ਿਆਦਾ ਕੰਮ ਦੇ ਦਿਨਾਂ ਦਾ ਨੁਕਸਾਨ ਕਰਦੀਆਂ ਹਨ ਅਤੇ ਇਨ੍ਹਾਂ ਕਾਰਨ ਵਰਕਰਜ਼ ਕੰਪਨਸੇਸ਼ਨ ਦੀਆਂ ਪੇਮੈਂਟਾਂ ਲਈ 206 ਮਿਲੀਅਨ ਡਾਲਰ ਨਾਲੋਂ ਜ਼ਿਆਦਾ ਖਰਚਾ ਦੇਣਾ ਪੈਂਦਾ ਹੈ।

ਪ੍ਰਿਕ ਦਾ ਕਹਿਣਾ ਹੈ, “ਕੰਮ ਦੀਆਂ ਥਾਂਵਾਂ `ਤੇ ਸੱਟਾਂ ਅਚਾਨਕ ਅਤੇ ਬਿਨਾਂ ਕਿਸੇ ਵਾਰਨਿੰਗ ਦੇ ਲੱਗ ਸਕਦੀਆਂ ਹਨ। ਇਸ ਕਰਕੇ ਹੀ ਕੰਮ-ਮਾਲਕਾਂ ਲਈ ਇਹ ਪੱਕਾ ਕਰਨਾ ਜ਼ਰੂਰੀ ਹੈ ਕਿ ਉਹ ਕੰਮ `ਤੇ ਤਿਲਕਣ, ਠੇਡਾ ਲੱਗਣ ਅਤੇ ਡਿਗਣ ਦੇ ਖਤਰਿਆਂ ਨੂੰ ਘਟਾਉਣ ਜਾਂ ਖਤਮ ਕਰਨ ਲਈ ਰੋਕਥਾਮ ਕਰਨ ਵਾਲੇ ਕਦਮ ਚੁੱਕ ਰਹੇ ਹਨ।”

**ਵਸੀਲੇ**
ਡਿਗਣ ਦੇ ਖਤਰਿਆਂ ਨੂੰ ਖਤਮ ਕਰਨ ਜਾਂ ਕੰਟਰੋਲ ਕਰਨ ਦੇ ਤਰੀਕਿਆਂ ਦੀ ਚੋਣ ਕਰਨ ਵੇਲੇ ਵਰਕਸੇਫ ਬੀ ਸੀ ਦੀਆਂ ਡਿਗਣ ਤੋਂ ਰੋਕਥਾਮ ਦੀਆਂ ਸ਼੍ਰੇਣੀਆਂ ਦੀ ਵਰਤੋਂ ਕਰਨਾ ਜ਼ਰੂਰੀ ਹੈ। ਕੰਮ-ਮਾਲਕ ਆਪਣੇ ਕੰਮ ਦੀ ਥਾਂ `ਤੇ ਖਤਰਿਆਂ ਦੀ ਪਛਾਣ ਅਤੇ ਅਸੈੱਸਮੈਂਟ ਕਰਨ ਅਤੇ ਖਤਰੇ ਲਈ ਕੰਟਰੋਲ ਲਾਗੂ ਕਰਨ ਲਈ ਜ਼ਿੰਮੇਵਾਰ ਹਨ। ਵਰਕਸੇਫ ਬੀ ਸੀ ਕੋਲ ਕੰਮ-ਮਾਲਕਾਂ ਲਈ ਇਹ ਵਸੀਲੇ ਵੀ ਉਪਲਬਧ ਹਨ:

- Falls from elevation - WorkSafeBC
- New resources help construction employers create fall protection plans specific to their worksites | WorkSafeBC
- Slips, trips & falls - WorkSafeBC

-30-

**ਵਰਕਸੇਫ ਬੀ ਸੀ ਬਾਰੇ**
*ਵਰਕਸੇਫ ਬੀ ਸੀ, ਬੀ.ਸੀ. ਵਿਚ ਸੱਟਾਂ, ਬੀਮਾਰੀਆਂ ਅਤੇ ਡਿਸਏਬਿਲਟੀ ਤੋਂ ਰੋਕਥਾਮ ਕਰਨ ਲਈ ਵਰਕਰਾਂ ਅਤੇ ਕੰਮ-ਮਾਲਕਾਂ ਨਾਲ ਕੰਮ ਕਰਦੀ ਹੈ। ਕੰਮ ਨਾਲ ਸੰਬੰਧਿਤ ਸੱਟਾਂ ਲੱਗਣ ਜਾਂ ਬੀਮਾਰੀਆਂ ਹੋਣ 'ਤੇ, ਵਰਕਸੇਫ ਬੀ ਸੀ ਲੋਕਾਂ ਦੀ ਸਿਹਤਯਾਬੀ, ਰਾਜ਼ੀ ਹੋਣ, ਅਤੇ ਕੰਮ 'ਤੇ ਸੁਰੱਖਿਅਤ ਵਾਪਸੀ ਵਿਚ ਮਦਦ ਕਰਨ ਲਈ ਮੁਆਵਜ਼ਾ ਅਤੇ ਮਦਦ ਦਿੰਦੀ ਹੈ। ਬੀ.ਸੀ. ਭਰ ਵਿਚ ਅਸੀਂ ਤਕਰੀਬਨ 2.3 ਮਿਲੀਅਨ ਵਰਕਰਾਂ ਅਤੇ 255,000 ਕੰਮ-ਮਾਲਕਾਂ ਨੂੰ ਸੇਵਾਵਾਂ ਦਿੰਦੇ ਹਾਂ।*

**ਹੋਰ ਜਾਣਕਾਰੀ ਲਈ ਸੰਪਰਕ ਕਰੋ:**
ਮੀਡੀਆ ਰੀਲੇਸ਼ਨਜ਼, ਵਰਕਸੇਫ ਬੀ ਸੀ
ਈਮੇਲ: media@worksafebc.com
ਟੈਲੀਫੋਨ: 604-276-5157